**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਜੈਕਟ ਡਾਇਰੈਕਟਰ**

**ਸਮੱਗਰ ਸਿੱਖਿਆ ਅਭਿਆਨ (ਪੰਜਾਬ)**

**ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062**

---

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**
**ਪੰਜਾਬ ।**

ਮੀਮੋ ਨੰ: **2025 / ਐਨ.ਐਸ.ਕਿਉ.ਐਫ (67584)/** 25566 ਮਿਤੀ: 29/1/2025

**ਵਿਸ਼ਾ:-** **ਸਾਲ 2024-25 ਦੌਰਾਨ 32 ਸਕੂਲਾਂ ਵਿੱਚ NSQF ਅਧੀਨ 40 ਲੈਬਜ਼ ਦਾ setup ਕਰਨ ਸਬੰਧੀ ਹਦਾਇਤਾਂ ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਾਲ ਹੀ ਵਿੱਚ 32 ਸਕੂਲਾਂ ਵਿੱਚ NSQF ਦੇ **40** Lab ਸਥਾਪਤ ਕਰਨ ਲਈ ਆਪ ਦੇ ਜ਼ਿਲ੍ਹੇ ਨੂੰ ਗ੍ਰਾਂਟ ਜਾਰੀ ਕੀਤੀ ਗਈ ਹੈ, ਜਿਸ ਸਬੰਧੀ ਜਾਣਕਾਰੀ ਨੱਥੀ **ਅਨੁਲੱਗ 'ੳ'** ਵਿੱਚ ਦਰਜ ਹੈ। ਜਿਹਨਾਂ **40 ਲੈਬਜ਼** ਵਿੱਚ ਇਹ ਗ੍ਰਾਂਟ ਭੇਜੀ ਗਈ ਹੈ, ਉਹਨਾਂ ਸਕੂਲਾਂ ਵਿੱਚ ਸੈਸ਼ਨ 2024-25 ਦੌਰਾਨ **Logistics, Management Entrepreneurship and Professional Skills, Media & Entertainment** ਅਤੇ **Private Security** ਨਾਮਕ ਟ੍ਰੇਡਾਂ ਦੀਆਂ 40 ਲੈਬਜ਼ ਸਥਾਪਤ ਕੀਤੀਆਂ ਜਾਣੀਆਂ ਹਨ, ਜਿਹਨਾਂ ਦੀ ਸੂਚੀ **ਅਨੁਲੱਗ 'ਅ'** ਵਜੋ ਨਾਲ ਨੱਥੀ ਹੈ।

2.0 ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਸਕੂਲਾਂ ਵਿੱਚ ਉਕਤ ਟਰੇਡਾਂ ਦੀ ਪ੍ਰੈਕਟੀਕਲ ਸਿਖਲਾਈ ਲਈ Lab setup ਕਰਨ ਲਈ ਫੰਡਜ਼ ਮਨਜ਼ੂਰ ਕੀਤੇ ਗਏ ਹਨ। Tools & Equipments ਦੀ ਖਰੀਦ SMC ਵੱਲੋਂ ਕੀਤੀ ਜਾਣੀ ਹੈ। ਜਿਸ ਵਿੱਚ ਇੱਕ ਕਮੇਟੀ ਬਣਾ ਕੇ ਵਿੱਤੀ ਨਿਯਮਾਂ ਅਨੁਸਾਰ ਖਰਚਾ ਕੀਤਾ ਜਾਣਾ ਹੈ।

3.0 SMC ਪੱਧਰ ਤੇ 6 ਮੈਂਬਰੀ ਖਰੀਦ (Purchase) ਕਮੇਟੀ ਦਾ ਗਠਨ ਕੀਤਾ ਜਾਵੇ, ਜਿਸ ਵਿੱਚ ਸਕੂਲ ਮੁਖੀ, ਚੇਅਰਮੈਨ SMC, ਦੋ ਮੈਂਬਰ (1 Female member) ਸਬੰਧਤ ਵੋਕੇਸ਼ਨਲ ਟ੍ਰੇਨਰ ਅਤੇ ਇੱਕ ਹੋਰ ਸੀਨੀਅਰ ਅਧਿਆਪਕ ਮੈਂਬਰ ਹੋਣਗੇ।

4.0 ਇਹ ਕਮੇਟੀ ਸਮਾਨ ਦੀ ਖ਼ਰੀਦ ਲਈ Manual of Financial Management & Procurement (FMP) for Scheme of Samagra Shiksha ਦੇ Chapter No. **7** ਅਨੁਸਾਰ ਕਾਰਵਾਈ ਕਰਕੇ ਸਮਾਨ ਖਰੀਦੇਗੀ। ਇਸ ਚੈਪਟਰ ਦੀ ਕਾਪੀ **ਅਨੁਲੱਗ 'ੲ'** ਤੇ ਨਾਲ ਨੱਥੀ ਹੈ ਜੀ।

5.0 SMC ਵੱਲੋਂ ਬਣਾਈ ਗਈ ਖਰੀਦ ਕਮੇਟੀ ਵੱਲੋਂ ਸਮਾਨ ਦੀ ਖਰੀਦ ਉਕਤ ਵਿੱਤੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਸਬੰਧਤ DEO (SE) ਨੂੰ ਵੀ ਸੂਚਿਤ ਕੀਤਾ ਜਾਵੇ। ਇਹ ਸਮਾਨ specifications ਅਨੁਸਾਰ ਹੀ ਖਰੀਦਿਆ ਜਾਵੇ। ਮੁੱਖ ਦਫਤਰ ਵੱਲੋਂ ਵੋਕੇਸ਼ਨਲ ਟ੍ਰੇਨਰਾਂ ਅਤੇ ਵੋਕੇਸ਼ਨਲ ਅਧਿਆਪਕਾਂ ਦੀ ਗਠਿਤ ਕਮੇਟੀ ਵੱਲੋਂ **PSSCIVE Bhopal** ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀ ਗਈ ਸਮਾਨ ਦੀ specifications ਸਮੇਤ **Tradewise** 4 ਟ੍ਰੇਡਾਂ ਦੀ ਸੂਚੀ **ਅਨੁਲੱਗ 'ਸ'** ਤੇ ਨਾਲ ਨੱਥੀ ਹੈ। **Common Items** ਦੀ ਸੂਚੀ **ਅਨੁਲੱਗ 'ਕ'** ਤੇ ਨੱਥੀ ਹੈ।

6.0 ਉਕਤ ਸਮਾਨ ਸਹੀ ਰੇਟ ਤੇ ਅਤੇ ਵਧੀਆ quality ਦਾ ਖਰੀਦਿਆ ਜਾਵੇ ਅਤੇ ਖਰੀਦ ਕੀਤੇ ਜਾ ਰਹੇ ਸਮਾਨ/ਫਰਨੀਚਰ, ਆਦਿ ਦੀ specifications ਅਨੁਸਾਰ ਪਹਿਲਾਂ sample checking ਕੀਤੀ ਜਾਵੇ ਅਤੇ ਇਸ ਤੋਂ ਬਾਅਦ ਹੀ specifications ਅਨੁਸਾਰ ਸਮਾਨ ਦੀ ਖਰੀਦ ਕੀਤੀ ਜਾਵੇ।

7.0 ਖਰੀਦੇ ਗਏ ਸਮਾਨ ਦੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਚੈਕਿੰਗ ਕਰਵਾਈ ਜਾਵੇਗੀ ਅਤੇ ਮੁੱਖ ਦਫਤਰ ਦੇ ਕਿਸੇ ਵੀ ਅਧਿਆਕਾਰੀ ਵੱਲੋਂ ਇਸ ਸਮਾਨ ਦੀ ਚੈਕਿੰਗ ਕੀਤੀ ਜਾ

ਪਤੋ ਜੀ

ਸਕਦੀ ਹੈ। ਘਟੀਆ ਮਿਆਰ ਦਾ ਸਮਾਨ ਖਰੀਦੇ ਜਾਣ ਤੇ ਜਾਂ specifications ਅਨੁਸਾਰ ਸਮਾਨ ਨਾ ਖਰੀਦੇ ਜਾਣ ਤੇ ਸਬੰਧਤ ਸਕੂਲ ਮੁੱਖੀ ਦੇ ਖਿਲਾਫ ਵਿਭਾਗੀ ਨਿਯਮਾਂ ਅਨੁਸਾਰ ਅਨੁਸ਼ਾਨੀ ਕਾਰਵਾਈ ਕੀਤੀ ਜਾ ਸਕਦੀ ਹੈ।

8.0 ਸਾਰਾ ਸਮਾਨ ਸਕੂਲ ਪੱਧਰ ਤੇ ਬਣੀ SMC ਵੱਲੋਂ ਹੀ ਖਰੀਦਿਆ ਜਾਵੇ ਅਤੇ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਸਮਾਨ ਦੀ ਖਰੀਦ ਵਿੱਚ quality ਨਾਲ ਸਮਝੌਤਾ ਨਾ ਕੀਤਾ ਜਾਵੇ ਅਤੇ ਉੱਚ ਮਿਆਰ ਵਾਲੀਆਂ ਆਈਟਮਾਂ ਹੀ ਖਰੀਦੀਆਂ ਜਾਣ ਅਤੇ ਵਰੰਟੀ/ਗਰੰਟੀ ਵੀ ਲਈ ਜਾਵੇ, ਕਿਉਂਜੋ ਇਹ ਸਮਾਨ ਕਈ ਸਾਲਾਂ ਤੱਕ ਲੈਬ ਵਿੱਚ ਵਰਤਿਆ ਜਾਣਾ ਹੈ।

9.0 ਇਸ ਸਮਾਨ ਨਾਲ ਲੈਬ ਸੈਟ-ਅੱਪ ਕਰਨ ਲਈ ਸਕੂਲ ਵਿੱਚ ਮੌਜੂਦ ਕਿਸੇ ਇੱਕ ਕਮਰੇ ਨੂੰ ਵੋਕੇਸ਼ਨਲ ਲੈਬ ਦੇ ਤੌਰ ਤੇ ਸਥਾਪਿਤ ਕੀਤਾ ਜਾਵੇ ਅਤੇ ਕਮਰੇ ਦੇ ਬਾਹਰ ਵੋਕੇਸ਼ਲਨ ਲੈਬ (NSQF) ਲਿਖਿਆ ਜਾਵੇ।

10.0 ਜਿਹਨਾਂ 4 ਟਰੇਡਾਂ ਦੇ ਸਮਾਨ ਦੀ ਖਰੀਦ ਕੀਤੀ ਜਾਣੀ ਹੈ ਉਹਨਾਂ ਦੀ Trade wise Unit Cost ਹੇਠ ਦਿੱਤੇ ਟੇਬਲ ਅਨੁਸਾਰ ਹੈ :-

| Sr. No | Trade | No. of Labs | Unit Cost |
|---|---|---|---|
| 1. | **Logistics** | **11** | **1.75** |
| 2. | **Management Entrepreneurship and Professional Skills** | **18** | **1.40** |
| 3. | **Media & Entertainment** | **5** | **1.9** |
| 4. | **Private Security** | **6** | **1.8** |

ਉਪਰੋਕਤ ਤੋਂ ਇਲਾਵਾ, **Common Items** ਦੀ ਖਰੀਦ ਸਬੰਧੀ 2 ਟ੍ਰੇਡਜ ਦੀਆਂ Common Items ਲਈ ਰੁ: 60,000/- ਅਤੇ **Single Trade** ਦੀ **Common Items** ਲਈ ਰੁਪਏ 30,000/- ਦੀ ਗ੍ਰਾਂਟ ਭੇਜੀ ਜਾ ਰਹੀ ਹੈ, ਜਿਸ ਦੀਆਂ ਦੋਵੇ ਸੂਚੀਆਂ ਅਨੁਲੱਗ 'ਕ' ਤੇ ਨੱਥੀ ਹਨ।

11.0 Common Items ਵੱਜੋਂ ਖਰੀਦੇ ਜਾਣ ਵਾਲੇ ਸਮਾਨ ਵਿੱਚ ਜਿਹਨਾਂ ਸਕੂਲਾਂ ਵੱਲੋਂ ਕੰਪਿਊਟਰਾਂ ਦੀ ਖਰੀਦ ਕੀਤੀ ਜਾਣੀ ਹੈ, ਉਸ ਦੀ **3 ਸਾਲ ਦੀ ਵਰੰਟੀ** ਨਾਲ ਖਰੀਦ ਕਰਨੀ ਯਕੀਨੀ ਬਣਾਈ ਜਾਵੇ।

12.0 ਖਰੀਦੇ ਗਏ ਸਮਾਨ ਦਾ ਇੰਦਰਾਜ਼ ਸਕੂਲ ਦੇ ਸਟਾਕ ਰਿਜਸਟਰ ਵਿੱਚ ਦਰਜ ਕੀਤਾ ਜਾਵੇ।

13.0 ਜੇਕਰ ਕੋਈ ਫਰਮ ਬਿਨਾਂ GST ਨੰਬਰ ਦੇ ਜਾਂ ਬਿਨਾਂ ਕਿਸੇ ਨਾਮ ਅਤੇ ਪੱਕੇ ਪਤੇ (Premanent address) ਦੇ ਸਮਾਨ ਸਪਲਾਈ ਕਰਦੀ ਹੈ ਤਾਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਉਸ ਫਰਮ ਨੂੰ ਬਲੈਕ ਲਿਸਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

14.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ **ਅਨੁਲੱਗ 'ੳ' ਅਤੇ 'ਅ'** ਅਨੁਸਾਰ ਜਾਰੀ ਕੀਤੀ ਗਈ ਰਾਸ਼ੀ ਜ਼ਿਲ੍ਹਾ/ਸਕੂਲ ਵਿਖੇ ਪ੍ਰਾਪਤ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਹਰ ਹਾਲ ਵਿੱਚ ਲੈਬ ਸੈਟ-ਅੱਪ ਕਰ ਲਈ ਜਾਵੇ। ਇਸ ਦਾ ਵਰਤੋਂ ਸਰਟੀਫਿਕੇਟ ਗ੍ਰਾਂਟ ਖਰਚ ਕਰਨ ਉਪਰੰਤ ਹਰ ਹਾਲਤ ਵਿੱਚ ਮੁੱਖ ਦਫਤਰ ਵਿਖੇ ਮਿਤੀ 10-02-2025 ਤੱਕ ਜਮ੍ਹਾ ਕਰਵਾਇਆ ਜਾਵੇ। ਕਿਸੇ ਵੀ ਕਿਸਮ ਦੀ ਉਣਤਾਈ ਸਾਹਮਣੇ ਆਉਣ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ। ਜੇਕਰ ਆਪ ਦੇ ਜ਼ਿਲ੍ਹੇ ਨੂੰ ਉਕਤ ਦਰਸ਼ਾਏ ਅਨੁਸਾਰ ਰਾਸ਼ੀ ਪ੍ਰਾਪਤ ਨਹੀ ਹੁੰਦੀ ਹੈ ਤਾਂ ਪੱਤਰ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਫੋਨ ਤੇ ਰਾਬਤਾ ਕਾਇਮ ਕੀਤਾ ਜਾਵੇ।

ਪਤਾ ਜੀ

15.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹਾ ਪੱਧਰ ਤੇ ਇਹਨਾਂ 40 ਲੈਬਜ਼ ਵਿੱਚ ਲੈਬ ਸੈਟ-ਅੱਪ ਦੀ ਮੋਨੀਟਰਿੰਗ ਕੀਤੀ ਜਾਵੇ। ਸਬੰਧਤ ਜ਼ਿਲ੍ਹੇ ਦੇ ਅਧਿਕਾਰੀਆਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿਭਾਗ ਵੱਲੋਂ ਸਮਾਨ ਦੀ ਖਰੀਦ ਬਾਰੇ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕੇਵਲ ਉਹਨਾਂ ਅਨੁਸਾਰ ਹੀ ਸਮਾਨ ਦੀ ਖਰੀਦ ਕੀਤੀ ਜਾਵੇ। ਜੇਕਰ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਇਸ ਨੂੰ ਤੁਰੰਤ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ।

16.0 ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਸ ਸਕੂਲ ਵਿੱਚ ਲੈਬ ਸੈਟ-ਅਪ ਨਹੀਂ ਹੋਵੇਗੀ, ਉਸ ਸਕੂਲ ਦੇ **NSQF** ਦੇ ਵਿਦਿਆਰਥੀਆਂ ਦੀ **SSC** ਵੱਲੋਂ ਪ੍ਰੈਕਟੀਕਲ assessment ਨਹੀਂ ਕੀਤੀ ਜਾਵੇਗੀ। ਅਜਿਹੀ ਸਥਿਤੀ ਵਿੱਚ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ।

17.0 ਉਪਰੋਕਤ ਅਨੁਸਾਰ ਜਾਰੀ ਕੀਤੇ ਗਏ ਫੰਡਜ਼ ਦੀ ਆਨਲਾਈਨ monitoring ਲਈ ਖਰਚਾ Prabandh Portal ਤੇ ਸਮੇਂ ਸਿਰ ਅੱਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

18.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

28/1/25

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰ ਸਿੱਖਿਆ ਅਭਿਆਨ, ਪੰਜਾਬ।**

<u>ਨੱਥੀ:-</u>

1. District wise allocation of funds with calculation. (ਅਨੁਲੱਗ 'ੳ')
2. List of **40** labs with allocated Trade and allocated amount (ਅਨੁਲੱਗ 'ਅ')
3. Copy of Manual of Financial Management & Procurement (FMP) for Scheme of Samagra Shiksha. (ਅਨੁਲੱਗ 'ੲ')
4. Trade wise Specifications of Tools & Equipment List of items for 4 trades. (ਅਨੁਲੱਗ 'ਸ')
5. Specifications of Tools & Equipment List of Items for IT Trade (ਅਨੁਲੱਗ 'ਹ')
6. lists of Common Items (ਅਨੁਲੱਗ ਕ)